F-21/2051

2442/MJ

Punjabi Compulsory (Elementary Knowledge)-601-A

Sem-VI

Time - 3hrs

M.M.-60

Note: The candidates are required to attempt two questions each from Section A & B Section C will be compulsory

ਭਾਗ ੳ

ਪ੍ਰਸ਼ਨ : ਹੇਠਾਂ ਦਿੱਤੇ ਲੇਖਾਂ ਵਿੱਚੋਂ ਕਿਸੇ ਦੋ ਦਾ ਵਿਸ਼ਾ -ਵਸਤੂ ਲਿਖੋ।

(ੳ) ਪੰਜਾਬੀ ਸੱਭਿਆਚਾਰ ਦੀ ਮੂਲ ਬਣਤਰ

(ਅ) ਪੰਜਾਬ ਦਾ ਅਜੋਕਾ ਪਿੰਡ

(ੲ) ਪੰਜਾਬ ਦੇ ਵੇਖਣਯੋਗ ਇਤਿਹਾਸਕ ਸਮਾਰਕ

(ਸ) ਪੰਜਾਬ ਵਿੱਚ ਜਾਤ ਵਿਵਸਥਾ

(ਹ) ਕਬੱਡੀ ਪੰਜਾਬ ਦੀ 2*3=6 ਅੰਕ

ਭਾਗ ਅ

ਪ੍ਰਸ਼ਨ: ਨਿਮਨਲਿਖਤ ਵਿੱਚੋਂ ਕੋਈ ਇੱਕ ਚਿੱਠੀ ਪੱਤਰ ਲਿਖੋ:

(ੳ) ਬੈਂਕ ਨੂੰ ਖਾਤਾ ਬੰਦ ਕਰਨ ਲਈ ਪੱਤਰ ਲਿਖੋ।

(ਅ)ਤੁਹਾਡਾ ਭਰਾ ਟੈਲੀਵਿਜ਼ਨ ਬਹੁਤ ਦੇਖਦਾ ਹੈ।ਉਸ ਨੂੰ ਚਿੱਠੀ ਰਾਹੀਂ ਪੜ੍ਹਾਈ ਕਰਨ ਦੀ ਪ੍ਰੇਰਨਾ ਦਿਓ।

(ੲ)ਆਪਣੇ ਮਾਤਾ ਜੀ ਨੂੰ ਇੱਕ ਪੱਤਰ ਰਾਹੀਂ ਲਿਖੋ ਕਿ ਤੁਸੀਂ ਆਪਣੀ ਭੈਣ ਦੇ ਵਿਆਹ ਵਿੱਚ ਕੀ -ਕੀ ਸੁਧਾਰ ਕਰਨੇ ਚਾਹੁੰਦੇ ਹੋ ? 4 ਅੰਕ

ਪ੍ਰਸ਼ਨ : ਹੇਠਾਂ ਦਿੱਤੇ ਪੱਚੀ ਬਹੁਤੇ ਸ਼ਬਦਾਂ ਵਿੱਚੋਂ ਕੋਈ ਵੀਹ ਸ਼ਬਦ ਕਰੋ।

ਖ਼ੁਦਾ ਦਾ ਪੈਗਾਮ ਲੋਕਾਂ ਤਕ ਪਹੁੰਚਾਉਣ ਵਾਲਾ, ਘੱਟ ਬੁੱਧੀ ਵਾਲਾ ਵਿਅਕਤੀ, ਹੀਰਿਆਂ ਦੀ ਪਰਖ ਕਰਨ ਵਾਲਾ, ਛੋਟੀ ਛੋਟੀ ਗੱਲ ਤੇ ਚਿੜ੍ਹ ਜਾਣ ਵਾਲਾ ਵਿਅਕਤੀ,ਦੂਜਿਆਂ ਦੀਆਂ ਚੁਗਲੀਆਂ ਕਰਨ ਵਾਲਾ,ਮੁਰਗੀਆਂ ਪਾਲਣ ਦੀ ਥਾਂ,ਜੋ ਕੰਮ ਤੋਂ ਜੀਅ ਚੁਰਾਵੇ,ਉਹ ਸਥਾਨ ਜਿਥੇ ਤੋਪਾਂ ਰੱਖੀਆਂ ਹੋਣ,ਚੰਗੇ ਲੱਛਣਾਂ ਵਾਲੀ ਨਾਰ, ਜਿਸ ਔਰਤ ਨੂੰ ਕੰਮ ਕਰਨ ਦਾ ਵੱਲ ਨਾ ਹੋਵੇ, ਆਪਣੀ ਸੁਰੱਖਿਆ ਲਈ ਵਰਤਿਆ ਜਾਣ ਵਾਲਾ ਹਥਿਆਰ, ਜਿਸ ਦੇ ਪੱਲੇ ਕੁਝ ਨਾ ਹੋਵੇ,ਸੱਤ ਦਰਿਆਵਾਂ ਦਾ ਇਲਾਕਾ, ਚਾਨਣੇ ਪੱਖ ਦੀ ਪੰਦਰਵੀਂ ਤਹਿਤ,ਦੇਸ਼ ਨਾਲ ਧੋਖਾ ਕਰਨ ਵਾਲਾ,ਘੜੀਆਂ ਦੀ ਮੁਰੰਮਤ ਕਰਨ ਵਾਲਾ ਜਾਂ ਘੜੀਆਂ ਠੀਕ ਕਰਨ ਵਾਲਾ,ਕਾਂਸੀ ਦਾ ਇੱਕ ਬਰਤਨ ਜੋ ਥੱਲੇ ਤੋਂ ਗੋਲ

ਚਪੇਤਲਾ ਹੋਵੇ,ਹੌਲੀ ਹੌਲੀ ਕੰਮ ਕਰਨਾ,ਜਿਸ ਰਾਹੀਂ ਜ਼ਮੀਨ ਆਦਿ ਦਾ ਸੌਦਾ ਕੀਤਾ ਜਾਵੇ,ਦੁੱਖ ਵਿੱਚ ਸਾਥ ਦੇਣ ਵਾਲਾ,ਉਹ ਇਸਤਰੀ ਜਿਸ ਦਾ ਪਤੀ ਮਰ ਗਿਆ ਹੋਵੇ,ਕਿਸੇ ਦੀ ਮੌਤ ਸਬੰਧੀ ਲਿਖੀ ਗਈ ਸੋਗਮਈ ਕਵਿਤਾ,ਜਿਸ ਬੱਚੇ ਦੇ ਮਾਂ ਪਿਓ ਮਰ ਚੁੱਕੇ ਹੋਣ,ਗ੍ਰਹਿਆਂ ਦੀ ਚਾਲ ਅਨੁਸਾਰ ਭਵਿੱਖਬਾਣੀ ਕਰਨ ਵਾਲਾ ਵਿਅਕਤੀ,ਜਿਸ ਵਿੱਚ ਕਿਰਪਾਨ ਰੱਖੀ ਜਾਏ

20*½=10 ਅੰਕ

ਭਾਗ ੲ

ਪ੍ਰਸ਼ਨ: ਸਾਰੇ ਪ੍ਰਸ਼ਨ ਲਾਜ਼ਮੀ ਹਨ।

੧. ਸੱਭਿਆਚਾਰ ਕਿਸ ਨੂੰ ਕਹਿੰਦੇ ਹਨ ?

੨. ਕਿਸ ਕਿਸਮ ਦਾ ਸੱਭਿਆਚਾਰ ਮਨੁੱਖੀ ਸ਼ਖ਼ਸੀਅਤ ਦੇ ਪ੍ਰਫੁੱਲਣ ਲਈ ਅਨੁਕੂਲ ਹੁੰਦਾ ਹੈ ?

੩. ਆਰੀਆ ਤੋਂ ਪਹਿਲਾਂ ਪੰਜਾਬ ਵਿਚ ਕਿਹੜੇ ਲੋਕ ਵੱਸਦੇ ਸਨ ?

੪. ਹਰੇ ਇਨਕਲਾਬ ਨੇ ਪੰਜਾਬ ਦੇ ਪਿੰਡ ਦੀ ਵਿਉਂਤਬੰਦੀ ਉੱਪਰ ਕੀ ਅਸਰ ਪਾਏ?

੫. ਪੰਜਾਬ ਵਿੱਚ ਵਿਆਹ ਕਿਸ ਤਰ੍ਹਾਂ ਦੇ ਹੁੰਦੇ ਹਨ ?

੬.ਪੰਜਾਬ ਦੇ ਪਿੰਡਾਂ ਦੇ ਲੋਕ ਮੁੱਖ ਤੌਰ ਤੇ ਕਿਹੜੇ -ਕਿਹੜੇ ਧੰਦੇ ਕਰਦੇ ਹਨ ?

੭. ਬੋਧ ਸਤੂਪ ਕੀ ਹੁੰਦਾ ਹੈ?

੮. ਮੁਗ਼ਲ ਸਰਾਵਾਂ ਦੀ ਬਣਤਰ ਕਿਹੋ ਜਿਹੀ ਸੀ?

੯. ਪਟਿਆਲੇ ਦੇ ਕਿਲ੍ਹਾ ਮੁਬਾਰਕ ਦੀ ਬਣਤਰ ਕਿਹੋ ਜਿਹੀ ਹੈ ?

੧੦.ਪੰਜਾਬ ਦੇ ਜਾਤੀ ਸਮੀਕਰਨਾਂ ਵਿੱਚ ਅਜੋਕੇ ਸਮੇਂ ਵਿੱਚ ਕੀ ਤਬਦੀਲੀਆਂ ਆਈਆਂ ਹਨ?

੧੧. ਪੰਜਾਬ ਦੇ ਜਾਤੀ ਵਤੀਰੇ ਉਪਰ ਗੁਰੂ ਸਾਹਿਬਾਨ ਨੇ ਕੀ ਪ੍ਰਭਾਵ ਪਾਇਆ?

੧੨.ਪੰਜਾਬ ਦੀਆਂ ਵੱਖੋ -ਵੱਖ ਜਾਤਾਂ ਦਾ ਧਾਰਮਿਕ ਵਤੀਰਾ ਕੀ ਹੈ ?

੧੩.ਪੰਜਾਬ ਦੀ ਧਰਤੀ ਨਾਲ ਕਬੱਡੀ ਦੀ ਖੇਡ ਦਾ ਕੀ ਰਿਸ਼ਤਾ ਹੈ ?

੧੪.ਕਬੱਡੀ ਦੇ ਕਿਸੇ ਮਸ਼ਹੂਰ ਖਿਡਾਰੀ ਦਾ ਨਾਮ ਦੱਸੋ?

੧੫. ਕਬੱਡੀ ਦੀ ਖੇਡ ਦੇਖਣ ਲਈ ਲੋਕਾਂ ਵਿੱਚ ਕਿਹੋ ਜਿਹਾ ਰੁਝਾਨ ਹੈ? 15*1=15 ਅੰਕ